Surrey Schools
LEADERSHIP IN LEARNING

Tel: 604.596.7733
www.sd36.bc.ca

# ਕਿਤਾਬਾਂ ਪੜ੍ਹਨਾ ਇੱਕ ਵਧੀਆ ਪੂੰਜੀ ਹੈ

## Reading: A good Investment

ਆਪਣੇ ਬੱਚਿਆਂ ਵਿੱਚ ਕਿਤਾਬਾਂ ਪੜ੍ਹਨ ਦੇ ਪਿਆਰ ਨੂੰ ਪ੍ਰੇਰਣਾ ਇੱਕ ਵਡਮੁੱਲੀ ਪੂੰਜੀ ਹੈ । ਸਕੂਲ ਬੱਚਿਆਂ ਨੂੰ ਕਿਤਾਬਾਂ ਪੜ੍ਹਨਾ ਸਿਖਾ ਦਿੰਦੇ ਹਨ ਲੇਕਿਨ ਮਾਪੇ ਓਹਨਾਂ ਬੱਚਿਆਂ ਨੂੰ ਪੜ੍ਹਨ ਦੀ ਆਦਿਤ ਪੁਆ ਕੇ ਸਾਰੀ ਓਮਰ ਲਈ ਇੱਕ ਵਡਮੁੱਲਾ ਖਜ਼ਾਨਾ ਦੇ ਦਿੰਦੇ ਹਨ । ਬੱਚਿਆਂ ਨੂੰ ਪੜ੍ਹਨ ਲਈ ਓਤਸ਼ਾਹਿਤ ਕਰਨਾਂ ਅਤੇ ਓਹਨਾਂ ਦੇ ਸਾਹਮਣੇ ਆਪ ਵੀ ਕਿਤਾਬਾਂ ਪੜ੍ਹਨ ਨਾਲ ਓਹਨਾਂ ਦੀ ਦਿਲਚਸਪੀ ਵਧਦੀ ਹੈ ਜੋ ਸਾਰੀ ਓਮਰ ਲਈ ਲਾਭਵੰਦ ਹੈ ।

ਕਿਤਾਬ ਪੜ੍ਹ ਕੇ ਸਮਝ ਲੈਣ ਨਾਲ ਵਧੀਆਂ ਨੰਬਰਾਂ ਦੇ ਆਓਣ ਦਾ ਨੀਂਹ ਪੱਥਰ ਰੱਖਿਆ ਜਾਂਦਾ ਹੈ । ਪੜ੍ਹਨ ਨਾਲ ਬੱਚਿਆਂ ਦੇ ਅੰਦਰ ਆਪਣੇ ਵਾਤਾਵਰਨ ਨੂੰ ਜਾਨਣ ਲਈ ਖਿੱਚ ਪੈਦਾ ਹੁੰਦੀ ਹੈ । ਜਦੋਂ ਬੱਚੇ ਅਖਬਾਰਾਂ, ਰਸਾਲੇ ਅਤੇ ਔਖੀਆਂ ਕਿਤਾਬਾਂ ਪੜ੍ਹਨ ਲੱਗ ਪੈਂਦੇ ਹਨ ਤਾਂ ਓਹਨਾਂ ਦੀ ਦਿਮਾਗੀ ਓਤਸੁਕਤਾ ਅਤੇ ਆਲੇ ਦੁਆਲੇ ਨੂੰ ਸਮਝਣ ਦੀ ਸ਼ਕਤੀ ਵਧਦੀ ਹੈ ।

ਬੱਚਿਆਂ ਵਿੱਚ ਪੜ੍ਹਨ ਦੀ ਆਦਿਤ ਪਾਓਣ ਦੇ ਦੋ ਸਾਧਨ ਹਨ: ਇੱਕ ਤਾਂ ਬੈਠ ਕਿ ਓਨ੍ਹਾਂ ਨਾਲ ਪੜ੍ਹਿਆ ਜਾਵੇ ਤੇ ਦੂਸਰਾ ਓਹਨਾਂ ਨੂੰ ਪੜ੍ਹਨ ਲਈ ਹੌਸਂਲਾ ਦਿੱਤਾ ਜਾਵੇ । ਤਾਂ ਕਿ ਬੱਚੇ ਆਪ ਪੜ੍ਹਨ, ਇਹ ਹਨ ਕੁੱਝ ਸੁਝਾਓ:

- ਭਾਵੇਂ ਬੱਚਿਆਂ ਨੂੰ ਆਪ ਪੜ੍ਹਨਾ ਆ ਵੀ ਗਿਆ ਹੋਵੇ, ਫਿਰ ਵੀ ਓਹਨਾਂ ਨੂੰ ਪੜ੍ਹ ਕਿ ਸੁਣਾਓਣਾ ਲਾਭਵੰਦ ਹੈ
- ਹਰ ਰੋਜ਼ ਸ਼ਾਮ ਨੂੰ ਖਾਣੇ ਮਗਰੋਂ ਟੀ.ਵੀ. ਬੰਦ ਕਰਕੇ ਬੱਚਿਆਂ ਨਾਲ ਪੜ੍ਹੋ
- ਜੋ ਤੁਸੀਂ ਕਰੋਗੇ ਬੱਚੇ ਓਹੀ ਕਰਨਗੇ, ਅਗਰ ਤੁਸੀਂ ਪੜ੍ਹੋਗੇ ਤਾਂ ਬੱਚੇ ਵੀ ਪੜ੍ਹਨਗੇ
- ਪੜ੍ਹਨ ਲਈ ਆਪਣਾ ਓਤਸ਼ਾਹ ਕਾਇਮ ਰੱਖੋ
- ਬੱਚੇ ਜਿਹੜੀਆਂ ਕਿਤਾਬਾਂ ਪੜ੍ਹਨਾ ਪਸੰਦ ਕਰਨ, ਓਹਨਾਂ ਵਲ ਧਿਆਨ ਦਿਓ ਅਤੇ ਖਰੀਦੋ
- ਇਹ ਸਾਬਿਤ ਕਰੋ ਕਿ ਪੜ੍ਹਨਾ ਇਕੱ ਆਨੰਦ ਮਈ ਕਾਰਵਾਈ ਹੈ

ਬੈਠ ਕਿ ਬੱਚਿਆਂ ਨਾਲ ਪੜ੍ਹਨਾ ਤੁਹਾਨੂੰ ਇੱਕ ਬਹੁਤ ਵਧੀਆ ਮੌਕਾ ਹੈ ਓਹਨਾਂ ਨਾਲ ਵਧੀਆਂ ਸਮਾਂ ਗੁਜ਼ਾਰਿਨ ਲਈ । ਨਾਲ ਨਾਲ ਜਿਹੜੀਆਂ ਕਿਤਾਬਾਂ ਜਾਂ ਕਹਾਣੀਆਂ ਤੁਸੀਂ ਰਲ ਮਿਲ ਕੇ ਪੜ੍ਹੋਗੇ, ਓਹ ਸਾਰੀ ਜਿੰਦਗੀ ਲਈ ਯਾਦਾਂ ਬਣ ਜਾਂਦੀਆਂ ਹਨ । ਇਹ ਸਾਰੇ ਲਾਭ ਸਾਰੀ ਜਿੰਦਗੀ ਭਰ ਲਈ ਕੰਮ ਆਓਣਗੇ ।